# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
## ਪਬਲਿਕ ਨੋਟਿਸ

ਦਾਖਲਾ ਸਾਲ 2015-16 ਤੋਂ 'ਪੰਜਾਬ ਓਪਨ ਸਕੂਲ' ਦੇ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਵਿੱਚ ਦਾਖਲਾ 1 ਅਪ੍ਰੈਲ, 2015 ਤੋਂ ਸ਼ੁਰੂ ਹੈ। ਇਹਨਾਂ ਕੋਰਸਾਂ ਵਿੱਚ ਵਿਦਿਆਰਥੀ ਖੁਦ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਦਾਖਲਾ ਫਾਰਮ ਭਰ ਕੇ ਆਨਲਾਈਨ ਦਾਖਲਾ ਲੈ ਸਕੇਗਾ। ਦਾਖਲੇ ਦਾ ਫਾਰਮ ਬੋਰਡ ਦੀ ਵੈੱਬਸਾਈਟ ਦੇ ਓਪਨ ਸਕੂਲ ਲਿੰਕ ਤੇ ਜਾ ਕੇ ਸ਼੍ਰੇਣੀਵਾਰ ਭਰਿਆ ਜਾ ਸਕਦਾ ਹੈ। ਦਾਖਲੇ ਦਾ ਸ਼ੈਡਿਊਲ ਹੇਠ ਅਨੁਸਾਰ ਹੋਵੇਗਾ:-

| ਸ਼੍ਰੇਣੀ | ਬਿਨਾਂ ਲੇਟ ਫੀਸ/ ਲੇਟ ਫੀਸ | ਕੁਲ ਦਾਖ਼ਲਾ ਫੀਸ | ਅਧਿਐਨ ਕੇਂਦਰ ਵਿੱਚ ਦਾਖ਼ਲਾ ਲੈਣ ਅਤੇ ਫੀਸ ਜਮ੍ਹਾਂ ਕਰਾਉਣ ਦੀ ਮਿਤੀ |
|---|---|---|---|
| ਮੈਟ੍ਰਿਕੁਲੇਸ਼ਨ | ਬਿਨਾਂ ਲੇਟ ਫੀਸ | 1800/- ਰੁ: | 1 ਅਪ੍ਰੈਲ, 2015 ਤੋਂ 15 ਜੁਲਾਈ, 2015 ਤੱਕ |
| ਸੀਨੀਅਰ ਸੈਕੰਡਰੀ | ਬਿਨਾਂ ਲੇਟ ਫੀਸ | 2100/- ਰੁ: | 1 ਅਪ੍ਰੈਲ, 2015 ਤੋਂ 15 ਜੁਲਾਈ, 2015 ਤੱਕ |
| ਮੈਟ੍ਰਿਕੁਲੇਸ਼ਨ | 500/- ਰੁ: ਲੇਟ ਫੀਸ | 2300/- ਰੁ: | 16 ਜਲਾਈ, 2015 ਤੋਂ 31 ਜੁਲਾਈ, 2015 ਤੱਕ |
| ਸੀਨੀਅਰ ਸੈਕੰਡਰੀ | 500/- ਰੁ: ਲੇਟ ਫੀਸ | 2600/- ਰੁ: | 16 ਜਲਾਈ, 2015 ਤੋਂ 31 ਜੁਲਾਈ, 2015 ਤੱਕ |
| ਮੈਟ੍ਰਿਕੁਲੇਸ਼ਨ | 1000/- ਰੁ: ਲੇਟ ਫੀਸ | 2800/- ਰੁ: | 1 ਅਗਸਤ, 2015 ਤੋਂ 14 ਅਗਸਤ, 2015 ਤੱਕ |
| ਸੀਨੀਅਰ ਸੈਕੰਡਰੀ | 1000/- ਰੁ: ਲੇਟ ਫੀਸ | 3100/- ਰੁ: | 1 ਅਗਸਤ, 2015 ਤੋਂ 14 ਅਗਸਤ, 2015 ਤੱਕ |

**ਨੋਟ:**

1. ਐਸ.ਸੀ./ਬੀ.ਸੀ./ਅਪੰਗ ਲੜਕਿਆਂ ਅਤੇ ਸਮੂਹ ਲੜਕੀਆਂ ਨੂੰ ਦਾਖ਼ਲਾ ਫੀਸ ਵਿੱਚ 50/- ਰੁ: ਪ੍ਰਤੀ ਵਿਦਿਆਰਥੀ ਛੋਟ ਹੋਵੇਗੀ।
2. ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸ ਲਈ ਪੰਜਾਬ ਰਾਜ ਦੇ ਵਿਦਿਆਰਥੀਆਂ ਲਈ ਨਵੀਂ ਰਜਿਸਟ੍ਰੇਸ਼ਨ ਫੀਸ 200/- ਰੁ: ਅਤੇ ਕੰਟੀਨਿਊਸ਼ਨ ਫੀਸ 120/- ਰੁ: ਅਤੇ ਦੂਸਰੇ ਰਾਜਾਂ/ਬੋਰਡਾਂ ਦੇ ਉਮੀਦਵਾਰਾਂ ਲਈ ਰਜਿਸਟਰੇਸ਼ਨ ਫੀਸ 1300/- ਰੁ: ਹੋਵੇਗੀ।
3. ਵਾਧੂ ਵਿਸ਼ਾ ਫੀਸ 250/- ਰੁ: ਪ੍ਰਤੀ ਵਿਸ਼ਾ ਹੋਵੇਗੀ।
4. ਪ੍ਰੀਖਿਆ ਫੀਸ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਦੇ ਰੈਗੂਲਰ ਪ੍ਰੀਖਿਆਰਥੀਆਂ ਵਾਲੀ ਹੀ ਹੋਵੇਗੀ।
5. ਅਧਿਐਨ ਕੇਂਦਰ ਨੂੰ,ਵਿਦਿਆਰਥੀ,ਪ੍ਰੀਖਿਆ ਫੀਸ ਤੋਂ ਇਲਾਵਾ ਕੋਈ ਫੀਸ ਨਹੀਂ ਦੇਵੇਗਾ।
6. ਪ੍ਰਾਸਪੈਕਟਸ ਬੋਰਡ ਦੀ ਵੈਬਸਾਈਟ www.pseb.ac.in ਤੋਂ ਵੀ ਡਾਊਨ ਲੋਡ ਕੀਤੇ ਜਾ ਸਕਦੇ ਹਨ।

ਸਕੱਤਰ